ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ) ਪੰਜਾਬ
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਮੋਹਾਲੀ।
(ਵਜੀਫਾ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)
ਮੀਮੋ ਨੰ: 16/25-2010 ਵਜੀਫਾ(6)
ਮਿਤੀ: 30-06-2016

ਵਿਸਾ:- ਵਿਦਿਅਕ ਸੈਸਨ 2016-17 ਵਿੱਚ ਪ੍ਰੀ-ਮੈਟ੍ਰਿਕ ਸਕਾਲਰਸਿਪ ਸਕੀਮਾ ਲਈ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ epunjabschool.gov.in ਤੇ ਅਪਲਾਈ ਕਰਵਾਉਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਮਿਤੀ 13-05-2016 ਸਬੰਧੀ।

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਪੋਰਟਲ ਤੇ ਅਪਲਾਈ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਜੋ ਕਿ ਮੁੜ ਤੋਂ ਨਾਲ ਨੱਥੀ ਕਰਕੇ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੋਰਟਲ ਸੁਰੂ ਹੋ ਚੁੱਕਾ ਹੈ। ਇਸ ਲਈ ਸਕੂਲਾਂ ਨੂੰ ਵਿਸੇਸ ਹਦਾਇਤ ਕੀਤੀ ਜਾਵੇ ਕਿ ਉਹ ਵਿਦਿਆਰਥੀਆਂ ਤੋਂ ਦਸਤਾਵੇਜ ਲੈ ਕੇ ਅਤੇ ਉਸ ਨੂੰ ਸਰਟੀਫਾਈ ਕਰਨ ਉਪਰੰਤ ਵਿਦਿਆਰਥੀ ਜਿਹੜੀ ਸਕੀਮ ਵਿੱਚ ਯੋਗ ਬਣਦੇ ਹੋਣ, ਉਨ੍ਹਾਂ ਨੂੰ ਉਸ ਸਕੀਮ ਵਿੱਚ ਅਪਲਾਈ ਕਰਵਾਇਆ ਜਾਵੇ ਅਤੇ ਅਪਲਾਈ ਕਰਨ ਸਮੇ ਉਕਤ ਪੱਤਰ ਵਿੱਚ ਦਰਸਾਈਆਂ ਹਦਾਇਤਾਂ ਦਾ ਵੀ ਵਿਸੇਸ ਧਿਆਨ ਰੱਖਿਆ ਜਾਵੇ। ਕਿਉਂਜੋ ਪੋਰਟਲ ਮਿਤੀ 31-07-2016 ਤੱਕ ਹੀ ਵਜੀਫਾ ਸਕੀਮਾਂ ਵਿੱਚ ਅਪਲਾਈ ਕਰਨ ਲਈ ਖੁੱਲਿਆ ਰਹੇਗਾ, ਇਸ ਲਈ ਇਹ ਕੰਮ ਤੇਜੀ ਨਾਲ ਸੁਰੂ ਕਰਵਾ ਦਿੱਤਾ ਜਾਵੇ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੁੱਖੀ ਵੱਲੋਂ ਸਕਾਲਰਸਿਪ ਅਪਰੂਵ ਕਰਨ ਉਪਰੰਤ ਜਿਲ੍ਹਾ ਪੱਧਰ ਤੇ ਵੀ ਇਸ ਨੂੰ ਨਾਲ-ਨਾਲ ਹੀ ਅਪਰੂਵ ਕੀਤਾ ਜਾਵੇ, ਤਾਂ ਜੋ ਮੁੱਖ ਦਫਤਰ ਵੱਲੋਂ scrutining ਕਰਨ ਉਪਰੰਤ ਇਹ ਡਾਟਾ ਸਮੇਂ ਸਿਰ ਭਲਾਈ ਵਿਭਾਗ ਭੇਜਿਆ ਜਾ ਸਕੇ। ਡਾਟਾ ਅਪਰੂਵ ਕਰਨ ਸਮੇਂ ਵੀ ਨਾਲ ਨੱਥੀ ਹਦਾਇਤਾਂ ਦਾ ਵਿਸੇਸ ਧਿਆਨ ਰੱਖਿਆ ਜਾਵੇ।

ਨੱਥੀ: ਹਦਾਇਤਾਂ ਦੀ ਕਾਪੀ

30/6/16

ਵਿਸੇਸ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਨ ਲਈ ਆਪਣੇ ਅਧੀਨ ਆਉਂਦੇ ਜਿਲ੍ਹਿਆਂ ਨੂੰ ਵਿਸੇਸ ਤੌਰ ਤੇ ਹਦਾਇਤ ਕੀਤੀ ਜਾਵੇ।

30/6/16

ਵਿਸੇਸ ਕਾਰਜ ਅਫਸਰ(ਵਜੀਫਾ)

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ, ਐਸ.ਏ.ਐਸ ਨਗਰ।
ਈ-ਬਲਾਕ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ।
(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
ਸਮੂਹ ਸਕੂਲ ਮੁੱਖੀ /ਪ੍ਰਿੰਸੀਪਲ

ਮੀਮੋ ਨੰ: 16/25-2010 ਵਜੀਫਾ(6)
ਮਿਤੀ 13-05-2016

ਵਿਸਾ- ਵਿਦਿਅਕ ਸੈਸਨ 2016-17 ਵਿੱਚ ਪ੍ਰੀ ਮੈਟ੍ਰਿਕ ਸਕਾਲਰਸਿਪ ਸਕੀਮਾਂ ਲਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਸਬੰਧੀ ਹਦਾਇਤਾਂ।

ਉਪਰੋਕਤ ਵਿਸੇ ਸਬੰਧੀ ਕੇਦਰ ਅਤੇ ਰਾਜ ਸਪੋਸਰਡ ਸਕੀਮਾਂ ਵਿੱਚ ਸਾਲ 2016-17 ਦੌਰਾਨ ਸਰਕਾਰੀ / ਏਡਿਡ/ ਪ੍ਰਾਈਵੇਟ ਸਕੂਲ/ ਸੰਸਥਵਾਂ ਜ਼ੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ , ਲਈ ਅਪਲਾਈ ਕਰਨ ਲਈ ਯੋਗ ਹਨ । ਪ੍ਰੰਤੂ ਹਰ ਸਕੂਲ ਈ ਪੰਜਾਬ ਪੋਰਟਲ ਵਿੱਚ ਰਜਿਸਟਰਡ ਹੋਣਾ ਵੀ ਲਾਜਮੀ ਹੈ। ਜ਼ੋ ਸਕੀਮਾਂ ਵਿਭਾਗ ਵੱਲੋਂ ਈ ਪੰਜਾਬ ਪੋਰਟਲ ਤੇ ਲਾਗੂ ਕੀਤੀਆ ਜਾਣਗੀਆਂ , ਉਹ ਨਾਲ ਨੱਥੀ ਹਨ। ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਾਰੀਆਂ ਵਜੀਫਾ ਸਕੀਮਾਂ (ਜ਼ੋ ਕਿਸੇ ਵੀ ਪੋਰਟਲ ਤੇ ਹਨ ) ਦੀ ਲਿਸਟ ਨੱਥੀ ਹੈ, ਸਕੂਲ ਦੇ ਨੋਟਿਸ ਬੋਰਡ ਤੇ ਜਰੂਰ ਲਗਾਈ ਜਾਵੇ।

ਉਪਰੋਕਤ ਸਕੀਮ ਸਬੰਧੀ ਹਦਾਇਤਾਂ **www.ssapunjab.org** ਦੇ **scholarship link** ਤੇ ਉਪਲਬੱਧ ਹਨ । ਇਹਨਾ ਸਕੀਮਾਂ ਵਿੱਚ ਵਿਦਿਆਰਥੀਆਂ ਦੇ ਕਲੇਮ ਭਰਨ ਸਮੇਂ ਹਦਾਇਤਾਂ ਨੂੰ ਵਿਸੇਸ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ। ਕਿਉ ਜ਼ੋ ਸੈਸਨ 2015-16 ਵਿੱਚ ਸਕੂਲਾਂ ਵੱਲੋਂ ਕਲੇਮ ਹਦਾਇਤਾਂ ਅਨੁਸਾਰ ਨਾ ਭਰਨ ਕਾਰਨ, ਮੁੱਖ ਦਫਤਰ ਵੱਲੋਂ ਸਕਟਰੂਨਿੰਗ ਸਮੇਂ ਰਿਜੈਕਟ ਕਰਨ ਉਪਰੰਤ ਗਲਤ ਸਕੀਮ ਵਿੱਚ ਅਪਲਾਈ ਕਰਨ ਕਾਰਨ ਸਕੀਮ ਬਦਲਣ ਲਈ ਬੇਨਤੀ ਪੱਤਰ ਦਿੱਤੇ ਗਏ ਸਨ ।

ਹੁਣ ਸਾਲ 2016-17 ਦੌਰਾਨ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਜਿਹੜੀ ਸਕੀਮ ਵਿੱਚ ਅਪਲਾਈ ਕਰਵਾਇਆ ਜਾਵੇਗਾ । ਉਸ ਨੂੰ ਹੀ **Final** ਮੰਨਿਆ ਜਾਵੇਗਾ।ਇਸ ਸਬੰਧੀ ਇਸ ਦਫਤਰ ਦੀ **website** ਤੇ **scholarship link** ਤੇ ਪੱਤਰ ਨੰ: 16/25-10 ਵਜੀਫਾ (6) ਮਿਤੀ 11-4-2016 ਦੀਆਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ। ਜੇਕਰ ਸਕਟਰੂਨਿੰਗ ਦੌਰਾਨ ਆਮਦਨ ਹੱਦ , ਰੇਟ, ਉਮਰ ਅਤੇ ਹੋਰ ਕਿਸੇ ਤਰ੍ਹਾਂ ਦੇ ਵੇਰਵੇ ਗਲਤ ਪਾਏ ਗਏ ਤਾਂ ਉਹ ਰਿਜੈਕਟ ਕਰ ਦਿੱਤੇ ਜਾਣਗੇ। ਜਿਸ ਦੀ ਜਿੰਮੇਵਾਰੀ ਕਲਾਸ ਇੰਚਾਰਜ ਦੀ ਹੋਵੇਗੀ। ਵਿਦਿਆਰਥੀਆਂ ਦੀ ਸਕੀਮ ਦੀਆਂ ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜ਼ ਦੀ ਹਾਰਡ ਕਾਪੀ ਸਕੂਲ/ਕਲਾਸ ਇੰਚਾਰਜ ਕੋਲ ਉਪਲਬੱਧ ਹੋਣੀ ਚਾਹੀਦੀ ਹੈ। ਹਰ ਸਕੂਲ ਵਿੱਚ ਦੋ ਵਜੀਫਾ ਇੰਚਾਰਜ ਬਣਾਏ ਜਾਣਗੇ। ਇੱਕ ਪ੍ਰੀ ਮੈਟ੍ਰਿਕ ਸਕੀਮਾਂ ਲਈ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਲਈ ਹੇਠ ਲਿਖੇ **Work Flow** ਅਨੁਸਾਰ ਵਿਦਿਆਰਥੀ ਆਪਣੇ ਸਾਰੇ ਦਸਤਾਵੇਜ਼ ਕਲਾਸ ਇੰਚਾਰਜ ਨੂੰ ਜਮ੍ਹਾਂ ਕਰਵਾਉਗੇ ਅਤੇ ਕਲਾਸ ਇੰਚਾਰਜ ਵੱਖ-ਵੱਖ ਸਕੀਮਾਂ

ਹੀ ਲਿਸਟ ਆਪਣੀ ਜਮਾਤ ਵਿੱਚ ਲਗਾਵੇਗਾ, ਜਿਸ ਅਨੁਸਾਰ ਵਿਦਿਆਰਥੀ/ ਮਾਪੇ ਇਹ **Decide** ਕਰ ਸਕਣਗੇ ਕਿ ਉਹ ਕਿਸ ਸਕੀਮ ਅਧੀਨ ਵਧੇਰੇ ਲਾਭ ਲੈ ਸਕਦੇ ਹਨ ਅਤੇ ਇਸ ਸਬੰਧੀ ਮਾਪਿਆਂ ਨੂੰ ਗਾਇਡ ਕੀਤਾ ਜਾਵੇ।

- ਵਿਦਿਆਰਥੀ → ਜਮਾਤ ਇੰਚਾਰਜ → ਪ੍ਰੀ ਮੈਟ੍ਰਿਕ ਸਕੀਮਾਂ ਦੇ ਨੋਡਲ ਇਚਾਰਜ → ਜਿਲਾ ਸਿੱਖਿਆ ਅਫਸਰ → ਡੀ.ਪੀ.ਆਈ.(ਸੈ:ਸਿ) → ਭਲਾਈ ਵਿਭਾਗ

ਸਕੀਮ ਵਿੱਚ ਅਪਲਾਈ ਕਰਨ ਵਾਲੇ ਵਿਦਿਆਰਥੀ ਦਾ ਆਧਾਰ ਹੋਣਾ ਲਾਜਮੀ ਹੈ ਅਤੇ ਉਸ ਨੂੰ ਬੈਂਕ ਨਾਲ ਵੀ ਲਿੰਕ ਕਰਵਾਉਣਾ ਜਰੂਰੀ ਹੈ।ਕਲਾਸ ਇੰਚਾਰਜ ਵਿਦਿਆਰਥੀਆਂ ਦੇ ਬੈਂਕ ਖਾਤੇ ਦੀ ਕਾਪੀ ਅਤੇ ਆਧਾਰ ਦੀ ਕਾਪੀ ਬਣਾ ਕੇ ਬੈਂਕ ਨੂੰ ਭੇਜ਼ ਦੇਣ , ਜਿਸ ਨਾਲ ਕੰਮ ਸੋਖਾ ਹੋ ਸਕਦਾ ਹੈ। ਜਿੰਨਾਂ ਵਿਦਿਆਰਥੀਆਂ ਦੇ ਆਧਾਰ ਨਹੀ ਬਣੇ ਹਨ , ਉਹਨਾ ਦੇ ਆਧਾਰ ਜਲਦ ਤੋਂ ਜਲਦ ਬਣਵਾਏ ਜਾਣ ।ਆਧਾਰ ਬਣਾਉਣ ਵਾਲੀਆ ਅਜੰਸੀਆਂ ਅਤੇ ਜਿਲੇ ਵਿੱਚ ਮਸੀਨਾ ਦੀ ਸਥਿਤੀ ਸਬੰਧੀ ਜਾਣਕਾਰੀ ਵੈਬ ਸਾਇਟ **www.ssapunjab.org** ਤੇ ਪਾਈਆਂ ਗਈਆਂ ਹਨ।

ਆਪ ਵੱਲੋਂ ਸਾਲ 2015-16 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਵਿੱਚ ਅਪਲਾਈ ਕੀਤੇ ਸਾਰੇ ਵਿਦਿਆਰਥੀਆਂ ਦੇ ਜ਼ੋ ਆਧਾਰ ਨੰਬਰ ਭਰੇ ਗਏ ਹਨ , ਜਦੋਂ ਕਿ ਉਹਨਾਂ ਵਿੱਚੋਂ 40-50% ਆਧਾਰ **valid** ਨਹੀਂ ਹਨ ਜਿਸ ਦਾ ਕਾਰਨ ਜਾਂ ਤਾ ਆਪ ਵੱਲੋਂ ਆਧਾਰ ਕਾਰਡ ਵੇਖ ਕੇ ਨਹੀਂ ਭਰੇ ਗਏ ਜਾਂ ਭਰਣ ਲੱਗਿਆ ਬੇਧਿਆਨੀ ਵਰਤੀ ਗਈ ਹੈ। ਵਿਦਿਆਰਥੀ ਦੇ ਆਧਾਰ ਨੰਬਰ ਅਤੇ ਨਾਮ ਵਿੱਚ **Mismatch** ਹੋਣ ਤੇ ਅਧਾਰ ਠੀਕ ਕਰਵਾਉਣ ਲਈ ਜਿਲਾ ਪੱਧਰ ਤੇ ਆਧਾਰ ਮੋਨੀਟਰਿੰਗ ਇੰਚਾਰਚ ਨਾਲ ਸੰਪਰਕ ਕੀਤਾ ਜਾਵੇ। ਵਿਦਿਆਰਥੀਆਂ ਦੇ ਆਧਾਰ ਸਬੰਧੀ ਬੈਂਕ ਖਾਤਿਆ ਨਾਲ ਸੀਡਿੰਗ ਕਰਵਾਉਣ ਲਈ ਕਲਾਸ ਇੰਚਾਰਜ ਵੱਲੋਂ ਇੰਨਸੋਅਰ ਕੀਤਾ ਜਾਵੇਗਾ।

ਵਿਦਿਆਰਥੀ ਦੀ ਯੋਗਤਾ ਸਕੀਮ ਦੀਆਂ ਹਦਾਇਤਾ ਅਨੁਸਾਰ ਹੀ ਨਿਰਧਾਰਿਤ ਕੀਤੀ ਜਾਵੇ।ਸਕੀਮ ਲਈ ਅਪਲਾਈ ਕਰਨ ਉਪਰੰਤ ਵਿਦਿਆਰਥੀ ਦੀ **application form** ਦਾ ਪ੍ਰਿੰਟ ਲਿਆ ਜਾਵੇ ਅਤੇ ਉਸ ਨਾਲ ਸਾਰੇ ਜਰੂਰੀ ਦਸਤਾਵੇਜ਼ ਜਿਵੇਂ ਕਿ ਜਾਤ ਦਾ ਸਰਟੀਫਿਕੇਟ ਅਤੇ ਆਮਦਨ ਹੱਦ ਦਾ ਸਰਟੀਫਿਕੇਟ( ਸਵੈ ਘੋਸਣਾ) ਨੂੰ ਨਾਲ ਨੱਥੀ ਕਰਕੇ ਜਮਾਤ ਇੰਚਾਰਜ ਆਪਣੇ ਕੋਲ ਰਿਕਾਰਡ ਰੱਖੇਗਾ।

ਵੱਧ ਤੋਂ ਵੱਧ ਵਿਦਿਆਥੀਆਂ ਵੱਲੋਂ ਮਨਿਊਰਟੀ ਸਕੀਮ ਵਿੱਚ **apply** ਕਰਵਾਇਆ ਜਾਵੇ ਪੰਤੂ **apply** ਕਰਵਾਉਣ ਸਮੇਂ ਵਿਦਿਆਰਥੀਆਂ ਦੇ ਵਿੱਤੀ ਲਾਭ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਇਸ ਸਬੰਧੀ ਜਿਲਾ ਸਿੱਖਿਆ ਅਫਸਰ ਸਕੂਲ ਮੁਖੀਆਂ ਨੂੰ ਹਦਾਇਤ ਕਰਨ ਕਿ ਸਕੀਮਾਂ ਬਾਰੇ ਵੱਧ ਤੋਂ ਵੱਧ ਕੰਮ 31-5-2016 ਤੱਕ ਪੂਰਾ ਕਰ ਲਿਆ ਜਾਵੇ।

ਹਰ ਸਕੂਲ **www.epunjabschool.gov.in** ਦੀ **Login ID** ਵਿੱਚ ਵਿਦਿਆਰਥੀਆਂ ਦੇ ਸਾਰੇ ਵੇਰਵੇ ਚੈਕ ਕਰ ਕੇ ਤਸਦੀਕ ਕਰਨ ਕਿ ਸਾਰੇ ਵੇਰਵੇ ਪੂਰੇ ਅਤੇ ਸਹੀ ਹਨ, ਇਸ ਸਬੰਧੀ ਜਿਲਾ ਸਿੱਖਿਆ ਅਫਸਰ ਆਪਣੇ ਜਿਲੇ ਦੇ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕਰਨ, ਤਾਂ ਜ਼ੋ ਕੰਮ ਨੂੰ ਜਲਦੀ ਨੇਪਰੇ ਚੜ੍ਹਾਇਆ ਜਾ ਸਕੇ।

ਕੁਝ ਵਿਸੇਸ ਸਕੀਮਾਂ ਵਾਈਜ ਹਦਾਇਤਾਂ ਨਾਲ ਨੱਥੀ ਹਨ।

19/5/16

ਵਿਸੇਸ ਕਾਰਜ ਅਫਸਰ (ਵਜੀਫਾ)

1 ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਸਕੀਮ (9ਵੀਂ ਤੋਂ 10)

2 ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਓ.ਬੀ.ਸੀ. ਸਕੀਮ

3 ਮਲੀਨ ਕਿੱਤਾ ਕਰਨ ਵਾਲੇ ਮਾਪਿਆ ਦੇ ਬੱਚਿਆ ਨੂੰ ਵਜੀਫਾ ਦੇਣ ਸਕੀਮ

4 ਨੈਸਨਲ ਸਕੀਮ ਇੰਨਸੈਟਿਗ ਟੂ ਗਰਲਜ ਆਫ ਸੈਕੰਡਰੀ ਐਜੂਕੇਸਨ ਅਧੀਨ (NSIGSE)

5 ਨੈਸਨਲ ਮੀਨਜ ਕਮ ਮੈਰਿਟ ਸਕਾਲਰਸਿਪ ਸਕੀਮ (NMMS)

6 ਅੱਪਗ੍ਰੇਡੇਸਨ ਆਫ ਮੈਰਿਟ ਆਫ ਐਸ.ਸੀ. ਸਟੂਡੈਂਟਸ ਸਕਾਲਰਸਿ ਸਕੀਮ

7 ਰਾਜ ਵਿਦਿਅਕ ਭਲਾਈ ਸਕੀਮ 6ਵੀਂ ਤੋਂ 8ਵੀਂ ਐਸ.ਸੀ. ਵਿਦਿਆ

8 55- ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀਂ ਤੋਂ 12ਵੀਂ

9 ਡੀਨੋਟੀਫਾਇਡ ਟਰਾਇਬਜ (ਵਿਮੁਕਤ ਜਾਤੀਆਂ) ਸਕੀਮ (6ਵੀਂ ਤੋ

10 ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਸਕੀਮ (6ਵੀਂ ਤੋਂ 12ਵੀਂ)

11 ਹਾਜਰੀ ਵਜੀਫਾ ਐਸ.ਸੀ./ ਬੀ.ਸੀ. ਗਰਲਜ